


# ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ

ਸ਼ਹੀਦ ਭਗਤ ਸਿੰਘ ਨਗਰ

# SARDAR DILBAG SINGH GOVT. COLLEGE JADLA

Shaheed Bhagat Singh Nagar

# ਪ੍ਰਾਸਪੈਕਟਸ

# PROSPECTUS

2024-25










# ਕਾਲਜ ਸ਼ਬਦ

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋ॥
ਨ ਡਰੋ ਅਰਿ ਸੋ ਜਬ ਜਾਇ ਲਰੋ
ਨਿਸਚੈ ਕਰਿ ਅਪੁਨੀ ਜੀਤ ਕਰੋ॥
ਅਰੁ ਸਿਖ ਹੌ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋ॥

# ਪ੍ਰਿੰਸੀਪਲ ਦੀ ਕਲਮ ਤੋਂ



ਪਿਆਰੇ ਵਿਦਿਆਰਥੀਓ,

ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਸਿਰਮੌਰ ਸਰਕਾਰੀ ਵਿਦਿੱਅਕ ਸੰਸਥਾ ਹੈ। ਅਗਸਤ 2018 ਵਿੱਚ ਪਿੰਡ ਬੀਰੋਵਾਲ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਈ ਇਹ ਸੰਸਥਾ ਜਨਵਰੀ 2021 ਵਿੱਚ ਪਿੰਡ ਜਾਡਲਾ ਵਿਖੇ ਪੰਜ ਏਕੜ ਵਿੱਚ ਬਣੀ ਆਪਣੀ ਰਮਣੀਕ ਵਿਸ਼ਾਲ ਇਮਾਰਤ ਵਿੱਚ ਤਬਦੀਲ ਹੋ ਗਈ। ਇਸ ਸੰਸਥਾ ਵਿੱਚ ਵਿਦਿਆਰਥੀਆਂ ਦੀ ਸੁਵਿਧਾ ਲਈ,ਖੁੱਲੇ ਰੌਸ਼ਨੀ ਭਰਪੂਰ ਅਤੇ ਹਵਾਦਾਰ ਕਲਾਸ-ਰੂਮਜ਼, ਲੈਕਚਰ ਥੀਏਟਰ, ਬਹੁਮੰਤਵੀ ਹਾਲ, ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ, ਕੰਟੀਨ ਅਤੇ ਆਧੁਨਿਕ ਪ੍ਰਯੋਗਸ਼ਾਲਾਵਾਂ ਹਨ। ਇਸ ਸੰਸਥਾ ਦੇ ਸੁਯੋਗ ਅਧਿਆਪਕ ਉੱਚ ਯੋਗਤਾ ਪ੍ਰਾਪਤ,ਮਿਹਨਤੀ ਅਤੇ ਤਜ਼ਰਬੇਕਾਰ ਹਨ। ਇਸ ਤੋਂ ਇਲਾਵਾ ਸੁਚੱਜਾ ਨਾਨ-ਟੀਚਿੰਗ ਸਟਾਫ ਹਰ ਸਮੇਂ ਤੁਹਾਡੀ ਸਹਾਇਤਾ ਲਈ ਹਾਜ਼ਰ ਹੈ।

ਇਹ ਸੰਸਥਾ ਤੁਹਾਡੀ ਪ੍ਰਤਿਭਾ ਅਤੇ ਸਖਸ਼ੀਅਤ ਦੇ ਬਹੁਪੱਖੀ ਵਿਕਾਸ ਕਰਨ ਲਈ ਸਹਿ-ਵਿੱਦਿਅਕ ਗਤੀਵਿਧੀਆਂ ਜਿਵੇਂ ਕਿ ਕੌਮੀ ਸੇਵਾ ਯੋਜਨਾ, ਯੁਵਕ ਸੇਵਾਵਾਂ ਕਲੱਬ, ਰੈੱਡ- ਰਿਬਨ ਕਲੱਬ, ਯੁਵਕ ਮੇਲਿਆਂ ,ਸੈਮੀਨਾਰਾਂ ਆਦਿ ਰਾਹੀਂ ਮੰਚ ਪ੍ਰਦਾਨ ਕਰਦੀ ਹੈ ਅਤੇ ਤੁਹਾਡੀ ਅਗਵਾਈ ਕਰਦੀ ਹੈ। ਇਸ ਤੋਂ ਇਲਾਵਾ ਇਹ ਸੰਸਥਾ ਸਵੱਛ ਭਾਰਤ ਮਿਸ਼ਨ, ਤੰਦਰੁਸਤ ਪੰਜਾਬ ਮਿਸ਼ਨ, ਮੁਫਤ ਕਾਨੂੰਨੀ ਸੇਵਾਵਾਂ,ਬੱਡੀ ਪ੍ਰੋਗਰਾਮ ਅਤੇ ਵੋਟਰ ਜਾਗਰੁਕਤਾ ਸਬੰਧੀ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਵਿੱਚ ਚੇਤਨਾ ਪੈਦਾ ਕਰਕੇ ਉਨ੍ਹਾਂ ਨੂੰ ਨਸ਼ਿਆਂ,ਕੰਨਿਆ ਭਰੂਣ ਹੱਤਿਆ, ਦਾਜ ਦੀ ਲਾਹਣਤ ਜਿਹੀਆਂ ਬੁਰਾਈਆਂ ਖਿਲਾਫ ਖੜੇ ਹੋ ਕੇ ਉਸਾਰੂ ਸਮਾਜ ਦੀ ਸਿਰਜਣਾ ਕਰਨ ਪ੍ਰਤੀ ਪ੍ਰੇਰਨ ਲਈ ਹਮੇਸ਼ਾ ਤੱਤਪਰ ਹੈ।

ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਇਸ ਸੰਸਥਾ ਨੂੰ ਪਹਿਲ ਦੇ ਆਧਾਰ ਤੇ ਚੁਣਿਆ ਹੈ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਇਸਦੇ ਉਸਾਰੂ ਅਤੇ ਮਿਲਵਰਤਣ ਭਰਪੂਰ ਵਾਤਾਵਰਣ ਵਿੱਚ ਵਿੱਦਿਆ ਪ੍ਰਾਪਤ ਕਰਕੇ ਨਾ ਸਿਰਫ ਆਪਣੇ ਆਪ ਲਈ ਸਗੋਂ ਪੂਰੇ ਸਮਾਜ ਲਈ ਇੱਕ ਬਿਹਤਰ ਬਦਲਾਅ ਦਾ ਵਾਹਕ ਬਣੋਗੇ ਅਤੇ ਆਪਣੇ ਸੁਪਨੇ ਸਾਕਾਰ ਕਰਦਿਆਂ ਜੀਵਨ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰਕੇ ਇਸ ਸੰਸਥਾ ਦਾ ਨਾਮ ਰੋਸ਼ਨ ਕਰੋਗੇ।

**ਸ਼੍ਰੀਮਤੀ.ਸਿੱਮੀ ਜੋਹਲ**
**ਪ੍ਰਿੰਸੀਪਲ**

## Our Vision

The vision of our college is to be an outstanding institution of excellence in higher education. College's slogan "Build Become Lead" inspires us to spread inclusive education for inculcating moral values, professionalism and scientific temper. We endeavour to promote values and career based programs to the students of different sections of the society including SC/ST, BC/OBC and other religious minorities, in order to uplift them to be competent human beings in order to meet ever changing needs of the Contemporary times.

## Our Mission

Our Mission is to provide higher education leading to an enriched holistic and wholesome development of its key stakeholders. We oblige to inculcate a constant yearning for learning academic rigour and passionate knowledge delivery along with academic excellence. This institution intend to provide ample scope for multifaceted development of local youth irrespective of religion, race, caste and gender. Institution strives to pursue student-centric learning and skill development among the students followed by a keen social awareness about their responsibilities.

## Objective

- To provide comprehensive value based education to our students to develop the physical, spiritual, intellectual, moral and aesthetic attributes of the students
- To develop student's overall personality to build intellectually trained, morally and socially upright pillar of the society.
- To impart effective and meaningful education to all especially to rural backward, and underprivileged students as per the need of hour.
- To achieve social and national integration.
- To accelerate the process of modernization.
- To provide broad based general education consisting of Social Science, Commerce and languages.
- To stress the need for physical education by encouraging sports activity.
- To promote the Punjabi Language ( Language of the state of Punjab)

## ਕਾਲਜ ਪ੍ਰਸ਼ਾਸ਼ਨ

ਪ੍ਰਿੰਸੀਪਲ :

| | | |
|---|---|---|
| ਡੀਨ ਵਿਦਿਆਰਥੀ ਭਲਾਈ | : | ਪ੍ਰੋ. ਪ੍ਰਿਆ ਬਾਵਾ |
| ਕਲਚਰਲ ਕੋਆਰਡੀਨੇਟਰ | : | ਪ੍ਰੋ. ਹਰਿੰਦਰਜੀਤ ਸਿੰਘ |
| ਲਾਇਬ੍ਰੇਰੀ ਇੰਚਾਰਜ | : | ਡਾ. ਬਲਜੀਤ ਕੌਰ |
| ਕਾਲਜ ਬਰਸਰ | : | ਪ੍ਰੋ. ਪ੍ਰਿਆ ਬਾਵਾ |
| ਪੀ ਟੀ ਏ | : | ਪ੍ਰੋ. ਪ੍ਰਿਆ ਬਾਵਾ |
| ਦਾਖਲਾ ਕੋਆਰਡੀਨੇਟਰ | : | ਪ੍ਰੋ. ਜਸਵਿੰਦਰ ਰੱਲ੍ਹ: ਪ੍ਰੋ.ਹਰਿੰਦਰਜੀਤ ਸਿੰਘ |
| ਪੋਸਟ ਮੈਟਰਿਕ ਵਜ਼ੀਫੇ | : | ਪ੍ਰੋ. ਜਸਵਿੰਦਰ ਰੱਲ੍ਹ |
| ਯੂਨੀਵਰਸਿਟੀ ਕੰਟਰੋਲਰ ਪ੍ਰੀਖਿਆਵਾਂ | : | ਡਾ.ਬਲਜੀਤ ਕੌਰ |

## ਅਧਿਆਪਨ ਅਮਲਾ

| | | |
|---|---|---|
| ਲੋਕ ਪ੍ਰਸ਼ਾਸ਼ਨ ਵਿਭਾਗ | : | ਡਾ. ਬਲਜੀਤ ਕੌਰ M.A., Ph.D, UGC NET |
| ਸਰੀਰਕ ਸਿੱਖਿਆ ਵਿਭਾਗ | : | ਪ੍ਰੋ. ਪ੍ਰਿਆ ਬਾਵਾ M.P.Ed., UGC NET |
| ਰਾਜਨੀਤੀ ਸ਼ਾਸ਼ਤਰ ਵਿਭਾਗ | : | * ਪ੍ਰੋ. ਸੋਨੀਆ M.A., M.Ed., UGC NET |
| ਅੰਗਰੇਜ਼ੀ ਵਿਭਾਗ | : | * ਪ੍ਰੋ. ਜਸਵਿੰਦਰ ਰੱਲ੍ਹ M.A., UGC NET |
| ਪੰਜਾਬੀ ਵਿਭਾਗ | : | * ਪ੍ਰੋ. ਹਰਿੰਦਰਜੀਤ ਸਿੰਘ M.A., M. Phil, UGC NET |
| ਇਕਨਾਮਿਕਸ ਵਿਭਾਗ | : | * ਪ੍ਰੋ. ਨੇਹਾ ਰਾਣੀ M.A., UGC NET |
| ਕਾਮਰਸ ਵਿਭਾਗ | : | * ਪ੍ਰੋ. ਪਰਮਜੀਤ ਕੌਰ M.Com, PGDCA, UGC NET |

* ਇਹ ਅਧਿਆਪਕ ਗੈਸਟ ਫੈਕਲਟੀ ਹਨ

## ਕਾਲਜ ਵਿੱਚ ਉਪਲੱਬਧ ਕੋਰਸ ( 2024-2025 ) :

**ਅੰਡਰ-ਗ੍ਰੈਜੂਏਟ ਕੋਰਸ**

| | |
|---|---|
| ਬੀ.ਏ 1,2,3 | 160 |
| ਬੀ.ਕਾਮ 1,2,3 | 80 ਸੀਟਾਂ ਹਰੇਕ |
| **ਬੀ.ਬੀ.ਏ (ਰੀਟੇਲ ਅਤੇ ਡਿਜੀਟਲ ਮਾਰਕਿਟੰਗ** | 80 ਸੀਟਾਂ ਹਰੇਕ |

ਇਨ੍ਹਾਂ ਕਲਾਸਾਂ ਵਿੱਚ ਸਮੈਸਟਰ ਸਿਸਟਮ ਲਾਗੂ ਹੈ।

ਵਿਦਿਆਰਥੀ ਪੰਜਾਬੀ ਜਾਂ ਇੰਗਲਿਸ਼ ਮੀਡੀਅਮ ਲੈ ਸਕਦਾ ਹੈ।

**ਕਿੱਤਾ ਮੁਖੀ ਕੋਰਸ (6 ਮਹੀਨੇ ਲਈ)**

1. Certificate in computer Application

## ਪੜ੍ਹਾਏ ਜਾਣ ਵਾਲੇ ਵਿਸ਼ੇ

**ਬੀ.ਏ. ਭਾਗ ਪਹਿਲਾ**

**ਲਾਜ਼ਮੀ ਵਿਸ਼ੇ:** 1.ਅੰਗਰੇਜ਼ੀ ਲਾਜ਼ਮੀ 2.ਪੰਜਾਬੀ ਲਾਜ਼ਮੀ ਜਾਂ ਪੰਜਾਬੀ ਮੁੱਢਲਾ ਗਿਆਨ

**ਚੋਣਵੇਂ ਵਿਸ਼ੇ:** ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਤਿੰਨ ਚੋਣਵੇਂ ਵਿਸ਼ੇ ਵੀ ਲਵੇਗਾ। ਇਸ ਲਈ ਹੇਠ ਲਿਖੇ ਗਰੁੱਪਾਂ ਵਿੱਚੋਂ ਕੋਈ ਤਿੰਨ ਗਰੁੱਪ ਚੁਣੋ ਅਤੇ ਹਰੇਕ ਗਰੁੱਪ ਵਿੱਚੋਂ ਇੱਕ ਵਿਸ਼ਾ ਚੁਣੋ।

**ਗਰੁੱਪ 1 :** ਇਲੈਕਟਿਵ ਪੰਜਾਬੀ / ਇਲੈਕਟਿਵ ਇੰਗਲਿਸ਼

**ਗਰੁੱਪ 2 :** ਅਰਥ ਸ਼ਾਸ਼ਤਰ (Economics)

**ਗਰੁੱਪ 3 :** ਰਾਜਨੀਤੀ ਸ਼ਾਸ਼ਤਰ (Political Science)

**ਗਰੁੱਪ 4 :** ਲੋਕ ਪ੍ਰਸ਼ਾਸ਼ਨ (Public Admn.) / ਸਰੀਰਕ ਸਿੱਖਿਆ (Phy. Eduation)

**ਬੀ.ਏ ਭਾਗ ਦੂਜਾ ਅਤੇ ਬੀ.ਏ ਭਾਗ ਤੀਜਾ ਵਿੱਚ ਵੀ ਪਹਿਲੇ ਭਾਗ ਵਾਲੇ ਵਿਸ਼ੇ ਹੀ ਰਹਿਣਗੇ।**

**ਬੀ.ਕਾਮ ਭਾਗ ਪਹਿਲਾ**

| ਸਮੈਸਟਰ ਪਹਿਲਾ | ਸਮੈਸਟਰ ਦੂਜਾ |
|---|---|
| 1. English Compulsory | 1. English Compulsory |
| 2. Punjabi Compulsory or Punjabi Mudhla Gyan | 2. Punjabi Compulsory or Punjabi Mudhla Gyan |
| 3. Financial Accounting | 3. Advanced Financial Accounting |
| 4. Business Organization | 4. Commercial Law |
| 5. Business Communication | 5. Business Economics |
| 6. Business Statistics | 6. Functional Management |
| 7. Computer Fundamentals | |

**ਬੀ.ਕਾਮ ਭਾਗ ਦੂਜਾ**

| ਸਮੈਸਟਰ ਤੀਜਾ | ਸਮੈਸਟਰ ਚੌਥਾ |
|---|---|
| 1, English Compulsory<br>2. Punjabi Compulsory or<br>Punjabi Mudhla Gyan<br>3. Corporate Accounting<br>4. Company Law<br>5. Financial Management<br>6. International Business<br>7. Business Environment | 1. English Compulsory<br>2. Punjabi Compulsory or<br>Punjabi Mudhla Gyan<br>3. Goods and Service Tax<br>4. Industrial Law<br>5. Cost Accounting<br>6. Principles and Practices of Banking and Insurance |

**ਬੀ.ਕਾਮ ਭਾਗ ਤੀਜਾ**

| ਸਮੈਸਟਰ ਪੰਜਵਾਂ | ਸਮੈਸਟਰ ਛੇਵਾਂ |
|---|---|
| 1. English Compulsory<br>2. Punjabi Compulsory or<br>Punjabi Mudhla Gyan<br>3. Management Accounting<br>4. Direct Tax Law<br>5. Auditing<br>6. Banking Service Management<br>7. Insurance Service Management | 1. English Compulsory<br>2. Punjabi Compulsory or<br>Punjabi Mudhla Gyan<br>3. Operation Research<br>4. Corporate Governance<br>5. Foreign Exchange Management<br>6. Risk Management and Insurance |

**ਜ਼ਰੂਰੀ ਨੋਟ:**

- **ਬੀ.ਏ/ਬੀ.ਕਾਮ ਭਾਗ ਪਹਿਲਾ ਵਿੱਚ Drug abuse: Problem.Management and prevention**
- **ਬੀ.ਏ/ਬੀ.ਕਾਮ ਭਾਗ ਦੂਜਾ ਵਿੱਚ Environment and Road Safety Awareness ਦੇ ਪੇਪਰ ਪਾਸ ਕਰਨੇ ਲਾਜ਼ਮੀ ਹਨ।**

ਬੀ.ਬੀ.ਏ (ਰੀਟੇਲ ਅਤੇ ਡਿਜੀਟਲ ਮਾਰਕਿਟਿੰਗ )

| ਸਮੈਸਟਰ ਪਹਿਲਾ | ਸਮੈਸਟਰ ਦੂਜਾ |
|---|---|
| 1.English (Compulsory)<br>2.Punjabi (Compulsory) or Mudhli Punjabi)<br>3.Basic Accounting<br>4.Business Organization and Sysytem<br>5.Managerial Economics-I<br>6.Computer Application for Business-I<br>7.Business Communication | 1.English (Compulsory)<br>2.Punjabi (Compulsory) or Mudhli Punjabi)<br>3.Business Laws<br>4.Principles of Management<br>5.Manageria Economics II<br>6.Computer Based Accounting System<br>7.Fundamentals of Banking |

| ਸਮੈਸਟਰ ਤੀਜਾ | ਸਮੈਸਟਰ ਚੌਥਾ |
|---|---|
| 1.English (Compulsory)<br>2.Punjabi (Compulsory) or Mudhli Punjabi)<br>3.Statistics for Business<br>4.Fundamentals Of Human Resources Management<br>5.Fundamental Of Marketing Management<br>6.Indian Financial System<br>7.Management Accounting<br>8.Environment Studies-I | 1.English (Compulsory)<br>2.Punjabi (Compulsory) or Mudhli Punjabi)<br>3.Financial Management<br>4.Production And operation Management<br>5.Business Environment<br>6.Operation Research<br>7.Fundamentals of Insurance<br>8.Seminar<br>9.Environment Studies-II |

| ਸਮੈਸਟਰ ਪੰਜਵਾ | ਸਮੈਸਟਰ ਛੇਵਾਂ |
|---|---|
| 1.English (Compulsory)<br>2.Punjabi (Compulsory) or Mudhli Punjabi)<br>3.Company Law<br>4.Entrepreneurship & Small Business<br>5.Cost Accounting | 1.English (Compulsory)<br>2.Punjabi (Compulsory) or Mudhli Punjabi)<br>3.Company Law<br>4.Enterpreneurship & Small Business<br>5.Cost Accounting |
| Any one Group From the Following: | Any one Group From the Following: |
| Group A<br>1.Consumer Behaviour<br>2.Advertising & Sales Management | Group A<br>1.Service Marketing<br>2.E-Marketing |
| Group B<br>1. Industrial relations & Labour Legislation<br>2. Organisation Change & Development | Group B<br>3. Training and Development<br>4. Contemporary Issues in human resources Management |
| Group- C<br>1.Management Of Banking Operation<br>2.Insurance & risk Management | Group- C<br>1.Security Analysis and Portfolio Management<br>2.Contempory Issues in Accounting |
| Group-D<br>1.International Business Environment<br>2.Management Of International Business Organization | Group-D<br>1.Export-Import Management and Documentation<br>2.Global Strategic Management |

## ਉਪਲੱਬਧ ਕੋਰਸਾਂ ਵਿੱਚ ਦਾਖਲੇ ਲਈ ਯੋਗਤਾ ਅਤੇ ਸ਼ਰਤਾਂ

**ਬੀ.ਏ ਭਾਗ ਪਹਿਲਾ (ਸਮੈਸਟਰ 1)**

1. ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਜਾਂ ਸੰਸਥਾ ਤੋਂ ਕਿਸੇ ਵੀ ਸਟਰੀਮ ਵਿੱਚ 10+2 ਜਾਂ ਉਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਘੱਟੋ -ਘੱਟ 40% ਅੰਕਾਂ ਨਾਲ ਪਾਸ ਕੀਤਾ ਹੋਵੇ।

**ਬੀ.ਏ ਭਾਗ ਦੂਜਾ ਅਤੇ ਤੀਜਾ (ਸਮੈਸਟਰ 3 ਅਤੇ 5)**

1. ਤੀਸਰੇ ਸਮੈਸਟਰ ਵਿੱਚ ਦਾਖਲਾ ਲੈਣ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰਾਂ ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ।ਜੇਕਰ ਤੀਜੇ ਸਮੈਸਟਰ ਦੇ ਦਾਖਲੇ ਵੇਲੇ ਦੂਜੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜ਼ੀ ਤੌਰ ਤੇ ਕੀਤਾ ਜਾ ਸਕਦਾ ਹੈ ਪਰੰਤੂ ਵਿਦਿਆਰਥੀ ਤੀਜੇ ਸਮੈਸਟਰ ਦਾ ਇਮਤਿਹਾਨ ਤਾਂ ਦੇ ਸਕਦਾ ਹੈ ਜੇ ਉਹ ਪਿਛਲੇ 2 ਸਮੈਸਟਰਾਂ ਦੇ 50% ਪੇਪਰਾਂ ਵਿੱਚੋਂ ਪਾਸ ਹੋਵੇਗਾ।
2. ਪੰਜਵੇਂ ਸਮੈਸਟਰ ਦੇ ਦਾਖਲੇ ਵੇਲੇ ਪਹਿਲੇ 4 ਸਮੈਸਟਰਾਂ ਦੇ ਕੁੱਲ ਪੇਪਰਾਂ ਵਿੱਚੋਂ 50% ਪੇਪਰਾਂ ਨੂੰ ਪਾਸ ਕਰਨਾ ਜ਼ਰੂਰੀ ਹੈ।

**ਬੀ.ਕਾਮ ਭਾਗ ਪਹਿਲਾ (ਸਮੈਸਟਰ 1)**

1. ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਤੋਂ ਕਾਮਰਸ ਸਟਰੀਮ ਵਿੱਚ 10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਰਸ ਘੱਟੋ-ਘੱਟ 40% ਅੰਕਾਂ ਨਾਲ ਪਾਸ ਕੀਤਾ ਹੋਵੇ।
2. ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਤ ਬੋਰਡ ਤੋਂ ਆਰਟਸ ਸਟਰੀਮ ਵਿੱਚ (ਅਕਾਊਂਟਸ/ਗਣਿਤ/ਅਰਥ-ਸ਼ਾਸ਼ਤਰ/ਮੈਨੇਜਮੈਂਟ ਨਾਲ)10+2 ਜਾਂ ਉਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਰਸ ਘੱਟੋ-ਘੱਟ 45% ਅੰਕਾਂ ਨਾਲ ਪਾਸ ਕੀਤਾ ਹੋਵੇ।
3. ਜਿਹੜੇ ਵਿਦਿਆਰਥੀ ਉਪਰੋਕਤ ਲੜੀ ਨੰ. 1 ਅਤੇ 2 ਅਧੀਨ ਨਹੀਂ ਆਉਂਦੇ ਉਹਨਾਂ ਨੇ 10+2 ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤਾ ਹੋਵੇ।

**ਬੀ.ਕਾਮ ਭਾਗ ਦੂਜਾ ਅਤੇ ਤੀਜਾ (ਸਮੈਸਟਰ 3 ਅਤੇ 5)**

1. ਤੀਸਰੇ ਸਮੈਸਟਰ ਵਿੱਚ ਦਾਖਲਾ ਲੈਣ/ਪਰਮੋਟ ਕਰਨ ਲਈ ਵਿਦਿਆਰਥੀ ਨੂੰ ਪਹਿਲੇ ਦੋ ਸਮੈਸਟਰਾਂ ਦੇ ਘੱਟੋ-ਘੱਟ 50% ਪੇਪਰ ਪਾਸ ਕਰਨੇ ਲਾਜ਼ਮੀ ਹਨ।ਜੇਕਰ ਤੀਜੇ ਸਮੈਸਟਰ ਦੇ ਦਾਖਲੇ ਵੇਲੇ ਦੂਜੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਦਾਖਲਾ ਆਰਜ਼ੀ ਤੌਰ ਤੇ ਕੀਤਾ ਜਾ ਸਕਦਾ ਹੈ ਪਰੰਤੂ ਵਿਦਿਆਰਥੀ ਤੀਜੇ ਸਮੈਸਟਰ ਦਾ ਇਮਤਿਹਾਨ ਤਾਂ ਦੇ ਸਕਦਾ ਹੈ ਜੇ ਉਹ ਪਿਛਲੇ 2 ਸਮੈਸਟਰਾਂ ਦੇ 50% ਪੇਪਰਾਂ ਵਿੱਚੋਂ ਪਾਸ ਹੋਵੇਗਾ।
2. ਪੰਜਵੇਂ ਸਮੈਸਟਰ ਵਿੱਚ ਦਾਖਲੇ/ਪਰਮੋਟ ਕਰਨ ਵੇਲੇ ਪਹਿਲੇ 4 ਸਮੈਸਟਰਾਂ ਦੇ ਕੁੱਲ ਪੇਪਰਾਂ ਵਿੱਚੋਂ 50% ਪੇਪਰਾਂ ਨੂੰ ਪਾਸ ਕਰਨਾ ਲਾਜ਼ਮੀ ਹੋਵੇਗਾ।

**ਜ਼ਰੂਰੀ ਨੋਟ:**

1. ਜਿਹਨਾਂ ਵਿਦਿਆਰਥੀਆਂ ਨੇ 10+2 ਪੰਜਾਬ ਸਕੂਲ ਸਿੱਖਿਆ ਬੋਰਡ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਬੋਰਡ ਆਫ ਸਕੂਲ ਐਜੂਕੇਸ਼ਨ, ਸੀ ਬੀ ਐੱਸ ਈ ਜਾਂ ਆਈ ਸੀ ਐੱਸ ਈ ਬੋਰਡ ਤੋਂ ਪਾਸ ਕੀਤੀ ਹੈ ਉਨ੍ਹਾਂ ਨੂੰ ਛੱਡ ਕੇ ਦੂਜੇ ਰਾਜਾਂ ਦੇ ਬੋਰਡਾਂ ਤੋਂ 10+2 ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਜਾਰੀ ਪਾਤਰਤਾ ਸਰਟੀਫਿਕੇਟ ਪੇਸ਼ ਕਰਨਾ ਪਵੇਗਾ।
2. ਜਿਹੜੇ ਵਿਦਿਆਰਥੀ ਹੇਠਲੀ ਪ੍ਰੀਖਿਆ ਬਾਹਰਲੇ ਰਾਜਾਂ ਦੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਕਾਲਜ ਵਿੱਚ ਦਾਖਲਾ ਲੈਂਦੇ ਹਨ, ਉਹ ਆਪਣਾ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਅਤੇ ਅਸਲ ਡਿਟੇਲ ਮਾਰਕਸ ਕਾਰਡ ਕਾਲਜ ਵਿੱਚ ਜਮ੍ਹਾਂ ਕਰਵਾਉਣਗੇ।ਇਹ ਦਸਤਾਵੇਜ਼ ਯੂਨੀਵਰਸਿਟੀ ਨੂੰ ਰਜਿਸਟ੍ਰੇਸ਼ਨ ਲਈ ਭੇਜੇ ਜਾਣਗੇ।ਯੂਨੀਵਰਸਿਟੀ ਵੱਲੋਂ ਵਾਪਸ ਆਉਣ ਤੇ ਦਸਤਾਵੇਜ਼ ਕਾਲਜ ਤੋਂ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।
3. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਸੰਬੰਧਤ ਕਾਲਜਾਂ ਦੇ ਵਿਦਿਆਰਥੀਆਂ ਨੂੰ ਬੀ.ਏ ਸਮੈਸਟਰ 3 ਅਤੇ ਬੀ.ਏ ਸਮੈਸਟਰ 5 ਵਿੱਚ ਦਾਖਲਾ ਤਦ ਹੀ ਮਿਲੇਗਾ ਜੇਕਰ ਉਨ੍ਹਾਂ ਦੇ ਵਿਸ਼ੇ ਇਸ ਕਾਲਜ ਵਿੱਚ ਉਪਲੱਬਧ ਹੋਣਗੇ।
4. ਪਹਿਲੇ ਸਮੈਸਟਰ ਤੋਂ ਦੂਜੇ ਸਮੈਸਟਰ ਲਈ, ਤੀਜੇ ਸਮੈਸਟਰ ਤੋਂ ਚੌਥੇ ਸਮੈਸਟਰ ਲਈ,ਪੰਜਵੇਂ ਸਮੈਸਟਰ ਤੋਂ ਛੇਵੇਂ ਸਮੈਸਟਰ ਵਿੱਚ ਜਾਣ ਲਈ ਕੋਈ ਸ਼ਰਤ ਨਹੀਂ ਹੋਵੇਗੀ।

## ਦਾਖਲਾ ਹੈਲਪਲਾਈਨ

**1. ਡਾ. ਬਲਜੀਤ ਕੌਰ (84370-29150)**

**2. ਪ੍ਰੋ. ਜਸਵਿੰਦਰ ਰੱਲ੍ਹ (86991-31191)**

**3.ਪ੍ਰੋ. ਹਰਿੰਦਰਜੀਤ ਸਿੰਘ (90410-60921)**

**4. ਪ੍ਰੋ.ਪ੍ਰਿਆ ਬਾਵਾ (96466-27744)**

**ਵੱਖ-ਵੱਖ ਕਲਾਸਾਂ ਦੇ ਦਾਖਲੇ ਲਈ ਹੇਠ ਲਿਖੇ ਅਨੁਸਾਰ ਕਨਵੀਨਰ ਬਣਾਏ ਗਏ ਹਨ।**

| ਲੜੀ ਨੰ. | ਕਲਾਸ | ਕਨਵੀਨਰ |
|---|---|---|
| 1. | ਬੀ.ਏ-1 | ਡਾ. ਬਲਜੀਤ ਕੌਰ (84370-29150) |
| 2. | ਬੀ.ਏ-2 | ਪ੍ਰੋ. ਹਰਿੰਦਰਜੀਤ ਸਿੰਘ(9041060921) |
| 3. | ਬੀ.ਏ-3 | ਪ੍ਰੋ. ਸੋਨੀਆ (8360654476) |
| 4. | ਬੀ.ਕਾਮ-1 | ਪ੍ਰੋ. ਪਰਮਜੀਤ ਕੌਰ (62840-82675) |
| 5. | ਬੀ.ਕਾਮ-2 | ਪ੍ਰੋ. ਨੇਹਾ ਰਾਣੀ (84273-81957) |
| 6. | ਬੀ.ਕਾਮ-3 | ਪ੍ਰੋ. ਪ੍ਰਿਆ ਬਾਵਾ (96466-27744) |
| 7. | ਬੀ.ਬੀ.ਏ-1 | ਪ੍ਰੋ. ਪਰਮਜੀਤ ਕੌਰ ਨੇਹਾ ਰਾਣੀ (62840-82675)(84273-81957) |

# ਦਾਖਲਾ ਸ਼ਡਿਊਲ


ਐਂਟਰੀ ਕਲਾਸਾਂ B.A I ,B.COM I, BBA I ਦਾ ਦਾਖਲਾ ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੇ ਪੋਰਟਲ ਰਾਹੀਂ ਆਨ-ਲਾਈਨ ਹੋਵੇਗਾ ਜਿਸ ਲਈ ਵੈੱਬ-ਸਾਈਟ ਅਤੇ ਸ਼ਡਿਊਲ ਦਾਖਲਾ ਹੈਲਪਲਾਈਨ ਨੰਬਰਾਂ ਤੋਂ ਪਤਾ ਕੀਤਾ ਜਾ ਸਕਦਾ ਹੈ ਪਰੰਤੂ ਵਿਦਿਆਰਥੀ ਇਨ੍ਹਾਂ ਕਲਾਸਾਂ ਲਈ ਹੁਣੇ ਤੋਂ ਹੀ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ ।

**ਰਜਿਸਟ੍ਰੇਸ਼ਨ ਕਰਵਾਉਣ ਲਈ ਹੇਠ ਦਿੱਤਾ ਕੋਡ ਸਕੈਨ ਕਰਕੇ ਫਾਰਮ ਭਰਿਆ ਜਾ ਸਕਦਾ ਹੈ।**

**FOLLOW THESE STEPS TO SCAN QR CODE IN YOUR PHONE.**

1. **OPEN “GOOGLE CHROME” ON YOUR MOBILE PHONE.**

2. **CLICK ON CAMERA ICON ON RIGHT SIDE OF GOOGLE SEARCH .**




3. **SCAN THE FOLLOWING QR CODE WITH YOUR PHONE & TAP THE SHUTTER BUTTON TO OPEN WEBSITE**

4. **FILL THE GOOGLE FORM CAREFULLY**

**https://forms.gle/W1HYwvrjenordbjc8**

## ਦਾਖਲੇ ਸਬੰਧੀ ਹੋਰ ਨਿਯਮ

1. ਕਾਲਜ ਵਿੱਚ ਦਾਖ਼ਲਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਅਕਾਦਮਿਕ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।ਇਸ ਲਈ ਵਿਦਿਆਰਥੀ ਆਪਣਾ ਦਾਖਲਾ ਫਾਰਮ ਨਿਸ਼ਚਿਤ ਕੀਤੀ ਗਈ ਮਿਤੀ ਤੋਂ ਪਹਿਲਾਂ ਹੀ ਆਨਲਾਈਨ ਭਰਨ ਜਾਂ ਖੁਦ ਜਮ੍ਹਾਂ ਕਰਵਾਉਣ।
2. ਕਾਲਜ ਦੇ ਪੁਰਾਣੇ ਵਿਦਿਆਰਥੀ ਜਿਨ੍ਹਾਂ ਨੇ ਸ਼ਰਤਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਪਹਿਲਾ ਇਮਤਿਹਾਨ ਨਹੀਂ ਦਿੱਤਾ, ਉਨ੍ਹਾਂ ਨੂੰ ਵੀ ਦਾਖਲਾ ਵਰਤਮਾਨ ਮੈਰਿਟ ਅਨੁਸਾਰ ਹੀ ਦਿੱਤਾ ਜਾਵੇਗਾ।
3. 10+2 ਵਿੱਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਬੀ.ਏ/ਬੀ.ਕਾਮ ਸਮੈਸਟਰ 1 ਵਿੱਚ ਦਾਖਲਾ ਤਾਂ ਹੀ ਦਿੱਤਾ ਜਾਵੇਗਾ ਜੇਕਰ ਯੂਨੀਵਰਸਿਟੀ ਵੱਲੋਂ ਇਸ ਬਾਰੇ ਹਦਾਇਤਾਂ ਪ੍ਰਾਪਤ ਹੋਣਗੀਆਂ।
4. ਨਵੇਂ ਦਾਖਲੇ ਲਈ ਸੀਟਾਂ ਦੇ ਰਾਖਵੇਕਰਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| (ੳ) | ਅਨੁਸੂਚਿਤ ਜਾਤੀ/ਕਬੀਲੇ (SC/ST) ਲਈ | 25% |
| (ਅ) | ਪਛੜੀਆਂ ਜਾਤੀਆਂ(BC), /ਹੋਰ ਪਛੜੀਆਂ ਜਾਤੀਆਂ(OBC)ਲਈ | 10% |
| (ੲ) | ਫੌਜੀਆਂ ਦੇ ਬੱਚਿਆਂ/ਵਿਧਵਾਵਾਂ ਲਈ | 1% |
| (ਸ) | ਖਿਡਾਰੀਆਂ ਲਈ | 2% |
| (ਹ) | ਅਪੰਗ ਵਿਦਿਆਰਥੀਆਂ ਲਈ | 3% |
| (ਕ) | ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦੇ ਪੋਤੇ/ਪੋਤੀਆਂ ਲਈ | 1% |
| (ਖ) | ਦੰਗਾ ਪੀੜਤ | 1% |
| (ਗ) | ਅੱਤਵਾਦ ਪ੍ਰਭਾਵਿਤ ਵਿਅਕਤੀਆਂ ਦੇ ਬੱਚਿਆਂ/ਪੋਤੇ/ਪੋਤੀਆਂ | 1% |
| (ਘ) | ਨੀਮ ਫੌਜੀਆਂ ਦੇ ਬੱਚੇ/ਵਿਧਵਾਵਾਂ ਲਈ | 1% |

ਇਸ ਤੋਂ ਇਲਾਵਾ ਰਾਖਵੇਂਕਰਨ ਸੰਬੰਧੀ ਸਮੇਂ ਸਮੇਂ ਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਵੀ ਲਾਗੂ ਹੋਣਗੀਆਂ।

5. ਦਾਖਲੇ/ਇੰਟਰਵਿਊ ਸਮੇਂ ਵਿਦਿਆਰਥੀ ਨੂੰ ਅਸਲ ਸਰਟੀਫਿਕੇਟ ਦਿਖਾਉਣੇ ਲਾਜ਼ਮੀ ਹਨ।
6. ਦਾਖਲਾ ਕਮੇਟੀ ਦੁਆਰਾ ਸਿਲੈਕਸ਼ਨ ਕਰ ਲਏ ਜਾਣ ਤੇ ਵਿਦਿਆਰਥੀ ਨੇ 48 ਘੰਟੇ ਦੇ ਅੰਦਰ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ।ਇਸ ਤਰ੍ਹਾਂ ਨਾ ਕਰਨ ਦੀ ਸੂਰਤ ਵਿੱਚ ਸੀਟ ਕੈਂਸਲ ਹੋ ਜਾਵੇਗੀ ਅਤੇ ਮੈਰਿਟ ਅਨੁਸਾਰ ਅਗਲੇ ਵਿਦਿਆਰਥੀ ਨੂੰ ਦਾਖਲਾ ਦੇ ਦਿੱਤਾ ਜਾਵੇਗਾ।
7. ਉਮੀਦਵਾਰ ਨੂੰ ਦਾਖਲੇ ਲਈ ਬਿਨਾਂ ਕੋਈ ਕਾਰਨ ਦੱਸੇ ਨਾਂਹ ਕੀਤੀ ਜਾ ਸਕਦੀ ਹੈ।ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।
8. ਦਾਖਲਾ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀ ਅਤੇ ਮਾਪਿਆਂ ਲਈ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹ ਲੈਣਾ ਜ਼ਰੂਰੀ ਹੈ।

## ਦਾਖਲਾ ਲੈਣ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ

1. ਮੈਟ੍ਰਿਕ ਦੇ ਸਰਟੀਫਿਕੇਟ ਦੀ ਕਾਪੀ
2. 10+2 ਦੇ ਡੀ ਐੱਮ ਸੀ ਸਰਟੀਫਿਕੇਟ ਦੀ ਕਾਪੀ
3. ਮਾਈਗ੍ਰੇਸ਼ਨ ਸਰਟੀਫਿਕੇਟ ( ਸਿਰਫ ਸੀ ਬੀ ਐੱਸ ਈ / ਆਈ ਸੀ ਐੱਸ ਈ ਅਤੇ ਪੰਜਾਬ ਰਾਜ ਤੋਂ ਬਾਹਰਲੇ ਬੋਰਡਾਂ ਤੋਂ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ)
4. ਵਿਦਿਆਰਥੀ ਦੇ ਆਧਾਰ ਕਾਰਡ ਦੀ ਕਾਪੀ
5. ਵਿਦਿਆਰਥੀ ਦੇ ਵੋਟਰ ਕਾਰਡ ਦੀ ਕਾਪੀ
6. ਵਿਦਿਆਰਥੀ ਦੇ ਆਧਾਰ ਕਾਰਡ ਲਿੰਕ ਬੈਂਕ ਅਕਾਊਂਟ ਦੀ ਕਾਪੀ (ਆਈ ਐੱਫ ਐੱਸ ਸੀ ਕੋਡ ਸਮੇਤ)
7. ਆਚਰਣ ਸਰਟੀਫਿਕੇਟ
    - ਰੈਗੂਲਰ ਵਿਦਿਆਰਥੀ ਸਕੂਲ/ਸੰਸਥਾ ਮੁਖੀ ਤੋਂ ਜਾਰੀ ਸਰਟੀਫਿਕੇਟ ਲਗਾਉਣਗੇ।
    - ਪ੍ਰਾਈਵੇਟ ਵਿਦਿਆਰਥੀ ਸਰਪੰਚ / ਐੱਮ.ਸੀ ਜਾਂ ਕਿਸੇ ਗਜ਼ਟਿਡ ਅਫਸਰ ਵੱਲੋਂ ਜਾਰੀ ਸਰਟੀਫਿਕੇਟ ਲਗਾਉਣਗੇ।
8. ਬਲੱਡ ਗਰੁੱਪ ਸਰਟੀਫਿਕੇਟ
9. ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਸਬੰਧਤ ਕੈਟਾਗਰੀ ਦੇ ਸਰਟੀਫਿਕੇਟ ਦੀ ਕਾਪੀ
10. ਸਪੋਰਟਸ ਕੈਟਾਗਰੀ ਦੇ ਵਿਦਿਆਰਥੀ ਡਾਇਰੈਕਟਰ ਸਪੋਰਟਸ ਵੱਲੋਂ ਜਾਰੀ ਗ੍ਰੇਡੇਸ਼ਨ ਸਰਟੀਫਿਕੇਟ ਵਿਦਿਆਰਥੀ ਉਪਰੋਕਤ ਸਰਟੀਫਿਕੇਟ ਆਨ-ਲਾਈਨ ਦਾਖਲਾ ਫਾਰਮ ਨਾਲ ਅਪਲੋਡ ਕਰਨਗੇ।
11. ਪਾਸਪੋਰਟ ਫੋਟੋ (2
12. **ABC ID**

## ਫੀਸਾਂ ਵਿੱਚ ਰਿਆਇਤ ਸੰਬੰਧੀ

1. ਲਾਇਕ,ਲੋੜਵੰਦ ਅਤੇ ਦਿਵਿਆਂਗ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਫੀਸ ਵਿੱਚ ਰਿਅਇਤ ਅਤੇ ਮਾਲੀ ਮਦਦ ਵੀ ਦਿੱਤੀ ਜਾਂਦੀ ਹੈ।
2. ਨਿਯਮਾਂ ਅਨੁਸਾਰ ਸਕੇ ਭੈਣ-ਭਰਾਵਾਂ ਵਿੱਚੋਂ ਇੱਕ ਦਾ ਪੀ ਟੀ ਏ ਫੰਡ ਮੁਆਫ ਹੋਵੇਗਾ ਪਰੰਤੂ ਇਹ ਰਿਆਇਤ ਪੋਸਟ ਮੈਟਰਿਕ ਸਕਾਲਰਸ਼ਿਪ ਲਈ ਯੋਗ ਵਿਦਿਆਰਥੀਆਂ ਤੇ ਲਾਗੂ ਨਹੀਂ ਹੋਵੇਗੀ।
3. ਇਸ ਤੋਂ ਇਲਾਵਾ ਕਾਲਜ ਆਪਣੇ ਪੱਧਰ ਤੇ ਰੈੱਡ ਕਰਾਸ ਫੰਡ ਉਪਲੱਬਧ ਹੋਣ ਤੇ ਗਰੀਬ ਵਿਦਿਆਰਥੀਆਂ ਦੀ ਆਰਥਿਕ ਮਦਦ ਵੀ ਕਰਦਾ ਹੈ।

## **ਪੋਸਟ-ਮੈਟਰਿਕ ਵਜ਼ੀਫਿਆਂ ਸੰਬੰਧੀ ਵੇਰਵਾ**

ਕਾਲਜ ਵਿੱਚ ਅਨੁਸੂਚਿਤ ਜਾਤੀ/ਹੋਰ ਪਛੜੀ ਜਾਤੀ ਅਤੇ ਘੱਟ ਗਿਣਤੀਆਂ ਨਾਲ ਸੰਬੰਧਤ ਆਰਥਿਕ ਤੌਰ ਤੇ ਕਮਜ਼ੋਰ ਲੋੜਵੰਦ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਹੇਠ ਲਿਖੇ ਵਜ਼ੀਫੇ ਦਿੱਤੇ ਜਾਂਦੇ ਹਨ:-

1. Post Matric Scholarship for SC/ST
2. Post Matric Scholarship for OBC
3. Post Matric Scholarship for Minorities (Sikh, Muslim, Jain, Bodhi & others)

ਇਹ ਵਜ਼ੀਫੇ ਪ੍ਰਾਪਤ ਕਰਨ ਸਬੰਧੀ ਯੋਗਤਾ, ਸ਼ਰਤਾਂ ਅਤੇ ਲੋੜੀਂਦੇ ਦਸਤਾਵੇਜ਼ਾਂ ਬਾਰੇ ਜਾਣਕਾਰੀ ਕਾਲਜ ਵਿਖੇ ਜਾਂ ਵੈੱਬਸਾਈਟ www.scholarships.punjab.gov.in ਤੇ ਉਪਲੱਬਧ ਹੈ।ਦਾਖਲਾ ਲੈਣ ਉਪਰੰਤ ਵਜ਼ੀਫਾ ਇੰਚਾਰਜ ਅਧਿਆਪਕਾਂ ਤੋਂ ਵੀ ਇਹ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

## **ਪੋਸਟ ਮੈਟਰਿਕ ਵਜ਼ੀਫਿਆਂ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ**

1. ਦਾਖਲਾ ਲੈਣ ਸਬੰਧੀ ਸਵੈ-ਘੋਸ਼ਣਾ
2. ਆਨ-ਲਾਈਨ ਅਪਲਾਈ ਕੀਤਾ ਬਿਨੈ ਪੱਤਰ
3. ਕਾਲਜ ਦਾ ਦਾਖਲਾ ਫਾਰਮ
4. ਮੈਟ੍ਰਿਕ ਅਤੇ 10+2 ਸਰਟੀਫਿਕੇਟ ਦੀ ਕਾਪੀ
5. ਪੰਜਾਬ ਰਿਹਾਇਸ਼ੀ ਸਰਟੀਫਿਕੇਟ (ਸੈਸ਼ਨ 2024-2025
6. ਜਾਤੀ ਸਰਟੀਫਿਕੇਟ
7. ਵਿਦਿਆਰਥੀ ਅਤੇ ਉਸ ਦੇ ਮਾਤਾ ਪਿਤਾ ਦੇ ਆਧਾਰ ਕਾਰਡ ਦੀ ਕਾਪੀ
8. ਵਿਦਿਆਰਥੀ ਦੇ ਆਪਣੇ ਆਧਾਰ ਕਾਰਡ ਨਾਲ ਲਿੰਕ ਹੋਏ ਬੈਂਕ ਅਕਾਊਂਟ ਦੀ ਕਾਪੀ
9. ਵਿਦਿਆਰਥੀ ਵੱਲੋਂ ਆਮਦਨ ਸਬੰਧੀ ਹਲਫੀਆਂ ਬਿਆਨ
10. ਤਹਿਸੀਲਦਾਰ ਵੱਲੋਂ ਮਾਤਾ ਪਿਤਾ ਦੀ ਆਮਦਨ ਸਬੰਧੀ ਸਰਟੀਫਿਕੇਟ (ਸ਼ੈਸ਼ਨ 2024-2025
11. ਜੇਕਰ ਮਾਤਾ/ਪਿਤਾ ਨੌਕਰੀ ਪੇਸ਼ਾ ਹਨ ਤਾਂ ਉਨ੍ਹਾਂ ਦੇ ਵਿਭਾਗ ਦੇ ਮੁਖੀ ਵੱਲੋਂ ਜਾਰੀ ਇਨਕਮ ਸਰਟੀਫਿਕੇਟ

# ਕਾਲਜ ਵਿੱਚ ਉਪਲਬੱਧ ਹੋਰ ਸੁਵਿਧਾਵਾਂ

## 1. ਸ਼ਹੀਦ-ਏ- ਆਜ਼ਮ ਸ. ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ:-

ਕਾਲਜ ਵਿੱਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਮੌਜੂਦ ਹੈ ਜਿਸ ਵਿੱਚ ਕੁੱਲ 1206 ਦੇ ਕਰੀਬ ਯੂਨੀਵਰਸਿਟੀ ਸਿਲੇਬਸ ਅਨੁਸਾਰ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਕਿਤਾਬਾ, ਰੈਫਰੈਂਸ ਪੁਸਤਕਾਂ, ਮਹਾਨ ਕੋਸ਼, ਐਨਸਾਈਕਲੋਪੀਡੀਆ ਅਤੇ ਡਿਕਸ਼ਨਰੀਆਂ, ਪ੍ਰਤੀਯੋਗੀ ਪ੍ਰੀਖਿਆਵਾਂ ਨਾਲ ਸਬੰਧਿਤ ਕਿਤਾਬਾਂ ਆਦਿ ਹਨ। ਇਸ ਤੋਂ ਇਲਾਵਾ ਲਾਈਬ੍ਰੇਰੀ ਵਿੱਚ ਰੋਜ਼ਾਨਾ 4 ਅਖਬਾਰ (2 ਪੰਜਾਬੀ, 1 ਹਿੰਦੀ ਅਤੇ 1 ਅੰਹਰੇਜ਼ੀ ਭਾਸ਼ਾ ਵਿੱਚ) ਉਪਲੱਬਦ ਹੋਣ ਦੇ ਨਾਲ ਨਾਲ ਕੁਝ ਸਾਹਿਤਕ ਅਤੇ ਆਮ ਗਿਆਨ ਦੇ ਰਸਾਲੇ ਵੀ ਉਪਲੱਬਧ ਹਨ। ਕਾਲਜ ਦੇ ਸਮੂਹ ਵਿਦਿਆਰਥੀ ਲਾਇਬ੍ਰੇਰੀ ਦਾ ਭਰਪੂਰ ਲਾਭ ਉਠਾ ਰਹੇ ਹਨ।

## 2. ਸਭਿਆਚਾਰਕ ਗਤੀਵਿਧੀਆਂ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਹਰ ਸਾਲ ਜ਼ੋਨਲ ਅਤੇ ਅੰਤਰ ਜ਼ੋਨਲ ਯੁਵਕ ਮੇਲੇ ਆਯੋਜਿਤ ਕਰਵਾਏ ਜਾਂਦੇ ਹਨ ਜਿਨ੍ਹਾਂ ਵਿੱਚ ਲੋਕ ਨਾਚ, ਸਾਹਿਤਕ ਕਲਾਵਾਂ, ਕੋਮਲ ਕਲਾਵਾਂ ਅਤੇ ਰੰਗਮੰਚੀ ਕਲਾਵਾਂ ਨਾਲ ਸਬੰਧਤ ਮੁਕਾਬਲਿਆਂ ਵਿੱਚ ਕਾਲਜ ਦੇ ਵੱਖ ਵੱਖ ਵਿਦਿਆਰਥੀ ਹਿੱਸਾ ਲੈਂਦੇ ਹਨ। ਵਿਦਿਆਰਥੀਆਂ ਦੀ ਪ੍ਰਤਿਭਾ ਖੋਜ ਰਾਹੀਂ ਚੋਣ ਉਪਰੰਤ ਵਿਸ਼ੇਸ਼ ਮਾਹਿਰਾਂ ਤੋਂ ਉਨ੍ਹਾਂ ਦੀ ਟ੍ਰੇਨਿੰਗ ਕਰਵਾ ਕੇ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕੀਤਾ ਜਾਂਦਾ ਹੈ।ਇਸ ਤੋਂ ਬਿਨਾਂ ਯੁਵਕ ਸੇਵਾਵਾਂ ਵਿਭਾਗ ਵੱਲੋਂ ਆਯੋਜਿਤ ਵੱਖ-ਵੱਖ ਪ੍ਰੋਗਰਾਮਾਂ ਅਤੇ ਮੁਕਾਬਲਿਆਂ ਵਿੱਚ ਵੀ ਵਿਦਿਆਰਥੀਆਂ ਨੂੰ ਹਿੱਸਾ ਲੈਣ ਲਈ ਮੰਚ ਮੁਹੱਈਆ ਕਰਵਾਇਆ ਜਾਂਦਾ ਹੈ।






## 3. ਸਹਿ-ਵਿੱਦਿਅਕ ਯੁਵਕ ਗਤੀਵਿਧੀਆਂ

ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਕੌਮੀ ਸੇਵਾ ਯੋਜਨਾ (ਐੱਨ ਐੱਸ ਐੱਸ), ਯੁਵਕ ਸੇਵਾਵਾਂ ਰੈੱਡ-ਰਿਬਨ ਕਲੱਬ ਅਤੇ ਨਹਿਰੂ ਯੁਵਾ ਕੇਂਦਰ ਦੁਆਰਾ ਆਯੋਜਿਤ ਸਪੈਸ਼ਲ ਕੈਂਪ, ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ, ਹਾਈਕਿੰਗ-ਟ੍ਰੈਕਿੰਗ ਕੈਂਪ, ਇੰਟਰ-ਸਟੇਟ ਕਲਚਰਲ ਐਕਸਚੇਂਜ ਪ੍ਰੋਗਰਾਮ, ਏਕ ਭਾਰਤ ਸ਼੍ਰੇਸ਼ਟ ਭਾਰਤ ਸਕੀਮ ਅਤੇ ਬੱਡੀ ਪ੍ਰੋਗਰਾਮ ਆਦਿ ਵਿੱਚ ਹਿੱਸਾ ਵੀ ਲਿਆ ਗਿਆ ਜੋ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਨਾਲ-ਨਾਲ ਸਖਸ਼ੀਅਤ ਦੀ ਬਹੁਪੱਖੀ ਉਸਾਰੀ ਕਰਨ ਵਿੱਚ ਬਹੁਤ ਸਹਾਈ ਹੁੰਦੇ ਹਨ।ਇਨ੍ਹਾਂ ਗਤੀਵਿਧੀਆਂ ਦੇ ਮੋਹਰੀ ਵਿਦਿਆਰਥੀਆਂ ਨੂੰ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਦਾਖਲਿਆਂ ਅਤੇ ਨੌਕਰੀਆਂ ਸਮੇਂ ਵੀ ਲਾਭ ਪ੍ਰਾਪਤ ਹੋ ਰਿਹਾ ਹੈ।





## 4. Workshop:

ਕਾਲਜ ਨੂੰ ਉਚੇਰੀ ਸਿਖਿਆ ਵਿਭਾਗ ਪੰਜਾਬ ਤੋਂ ਪ੍ਰਾਪਤ ਗ੍ਰਾਟਾਂ ਤਹਿਤ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਸਿੰਮੀ ਜੋਹਲ ਜੀ ਦੀ ਅਗਵਾਈ ਹੇਠ ਵੱਖ-ਵੱਖ ਵਰਕਸ਼ਾਪਸ ਦਾ ਆਯੋਜਨ ਕਰਵਾਇਆ ਗਈਆ, ਜਿਵੇ ਕਿ:-

1. Workshop on Marketing Skills
2. Workshop on Career Opportunities after B. Com.
3. Workshop on Ms Office
4. Workshop on soft skills
5. Workshop on personality Development
6. Workshop on Career Opportunities under Public Administration
7. Workshop on Digital Marketing
8. Various Workshops under Life Skills Scheme of Higher Education












## 5. Industrial Visit

ਕਾਲਜ ਨੂੰ ਉਚੇਰੀ ਸਿਖਿਆ ਵਿਭਾਗ ਪੰਜਾਬ ਤੋਂ ਪ੍ਰਾਪਤ ਗ੍ਰਾਟਾਂ ਤਹਿਤ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਸਿੰਮੀ ਜੋਹਲ ਜੀ ਦੀ ਅਗਵਾਈ ਹੇਠ ਵੱਖ ਵੱਖ ਥਾਵਾਂ ਉਪਰ ਵਿਦਿਆਰਥੀਆਂ ਦਾ ਟੂਰ ਕਰਵਾਇਆ ਗਿਆ ਜਿਵੇ ਕਿ:-

A. Visit World Food India Programme (New Delhi)
B. Verka Milk Plant (Mohali)
C. Ajit Singh Om Parkash Mills , Nawanshahr
D. Sugar Mill Nawanshahr
E. Hydroponic Farm Dera Bassi
F. Thermal Power Plant Ropar
G. Adapt technology Zirakpur











## 6.ਖੇਡਾਂ

ਵਿਦਿਆਰਥੀਆਂ ਦੇ ਵਿਅਕਤੀਗਤ ਵਿਕਾਸ ਦੇ ਉਦੇਸ਼ ਨਾਲ ਕਾਲਜ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਵੀ ਯੋਗ ਪ੍ਰਬੰਧ ਹੈ। ਕਾਲਜ ਵਿੱਚ ਸਰੀਰਿਕ ਸਿੱਖਿਆ ਵਿਭਾਗ ਵੱਲੋਂ ਕ੍ਰਿਕਟ, ਬਾਸਕਟਬਾਲ, ਖੋ-ਖੋ,ਵਾਲੀਬਾਲ ਤੇ ਐਥਲੈਟਿਕਸ ਆਦਿ ਖੇਡਾਂ ਕਰਵਾਈਆਂ ਜਾਂਦੀਆ ਹਨ। ਵਿਦਿਆਰਥੀਆਂ ਨੂੰ ਆਪਣੀ ਪਸੰਦ ਅਨੁਸਾਰ ਯੂਨੀਵਰਸਿਟੀ ਪੱਧਰ, ਰਾਜ ਪੱਧਰ ਅਤੇ ਨੈਸ਼ਨਲ ਪੱਧਰ ਤੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਵੀ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ।ਇਸਦੇ ਨਾਲ ਹੀ ਮਿਤੀ 1-3-2024 ਨੂੰ ਕਾਲਜ ਦਾ ਪਹਿਲਾ ਸਲਾਨਾ ਖੇਡ ਸਮਾਰੋਹ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਸਿੰਮੀ ਜੋਹਲ ਦੀ ਅਗਵਾਈ ਹੇਠ ਕਰਵਾਇਆਂ ਗਿਆ।








**7.NSS** ਕਾਲਜ ਵਿੱਚ ਇੱਕ ਐਨ.ਐਸ.ਐਸ. ਯੂਨਿਟ ਹੈ ਇਸ ਯੂਨਿਟ ਦੇ ਪ੍ਰੋਗਰਾਮ ਅਫਸਰ ਸ਼੍ਰੀਮਤੀ ਸੋਨੀਆ ਹਨ। ਐਨ.ਐਸ.ਐਸ. ਯੂਨਿਟ ਦੁਆਰਾ ਸਮੇਂ ਸਮੇਂ 'ਤੇ ਵੱਖ-ਵੱਖ ਤਰ੍ਹਾਂ ਸੀਆਂ ਚੇਤਨਾ ਰੈਲੀਆਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਵੇ ਕਿ:-ਸਮਾਜ ਦੇ ਸਾਰੇ ਵਰਗਾਂ ਵਿੱਚ ਸਵੱਛਤਾ ਅਤੇ ਭਾਈਚਾਰਕ ਸਾਂਝ ਦੀ ਮਹੱਤਤਾ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ, ਨਸ਼ਿਆਂ ਵਿਰੁੱਧ ਚੇਤਨਾ ਰੈਲੀ ਆਦਿ। ਇਸ ਤੋਂ ਇਲਾਵਾ ਯੂਥ ਪਾਰਲੀਮੈਂਟ ਅਤੇ ਸੜਕ ਸੁਰੱਖਿਆ ਸੈਮੀਨਾਰ ਦਾ ਆਯੋਜਨ ਵੀ ਕੀਤਾ ਗਿਆ। ਐਨ.ਐਸ.ਐਸ. ਯੂਨਿਟਾਂ ਦਾ ਮਨੋਰਥ ਵਿਦਿਆਰਥੀਆਂ ਨੂੰ ਏਡਜ਼, ਨਸ਼ਾ ਛੁਡਾਊ ਅਤੇ ਖੂਨਦਾਨ ਬਾਰੇ ਜਾਗਰੂਕ ਕਰਨਾ ਹੈ।







8. **IQAC**

ਕਾਲਜ ਵਿੱਚ ਸੰਸਥਾ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਕੁਆਲਿਟੀ ਐਸ਼ੋਰੈਂਸ ਸੈੱਲ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਇਸ ਸੈੱਲ ਦੇ ਕੁਆਰਡੀਨੇਟਰ ਕਲਾਜ ਦੇ ਲੋਕ ਪ੍ਰਸ਼ਾਸਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਬਲਜੀਤ ਕੌਰ ਹਨ। ਕਲਾਜ ਪ੍ਰਿੰਸੀਪਲ ਸ਼੍ਰੀਮਤੀ ਸਿੰਮੀ ਜੋਹਲ ਮੈਡਮ ਦੀ ਅਗਵਾਈ ਹੇਠ ਕਾਲਜ ਦੇ **IQA Cell** ਵੱਲੋਂ ਸਮੇਂ-ਸਮੇਂ 'ਤੇ ਅਤੇ ਮਹੀਨਾਵਾਰ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਅਤੇ ਕਾਲਜ ਦਾ ਰਿਕਾਰਡ ਸਹੀ ਢੰਗ ਨਾਲ ਰੱਖਿਆ ਜਾਂਦਾ ਹੈ।

9. **ਕਾਨਫਰੰਸ ਕਮ ਸੈਮੀਨਾਰ ਹਾਲ:-**

ਕਾਲਜ ਵਿੱਚ ਇੱਕ 85 ਇੰਚ ਡਿਜ਼ੀਟਲ ਸਕਰੀਨ ਵਾਲਾ ਇੱਕ ਕਾਨਫਰੰਸ ਰੂਮ ਵੀ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਵਿਦਿਆਰਥੀਆਂ ਲਈ ਵੱਖ ਵੱਖ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਕਾਲਜ ਦੇ ਅਧਿਆਪਨ ਅਮਲੇ ਵੱਲੋਂ ਹਫਤੇ ਵਿੱਚ ਇੱਕ ਵਾਰ ਆਪਣੇ ਵਿਸ਼ੇ ਨਾਲ ਸਬੰਧਿਤ ਵੀਡੀਓ ਲੈਕਚਰ, ਪੀ.ਪੀ.ਟੀ. ਆਦਿ ਦੇ ਮਾਧਿਅਮ ਰਾਹੀਂ ਇਸ ਹਾਲ ਵਿੱਚ ਆਪਣੀ ਕਲਾਸ ਲਈ ਜਾਂਦੀ ਹੈ।

10.**ਕੰਪਿਊਟਰ ਲੈਬ**

ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕ ਨਾਲ ਜੋੜਨ ਦੇ ਲਈ ਕਾਲਜ ਵਿੱਚ ਇਕ ਆਧੁਨਿਕ ਕੰਪਿਊਟਰ ਲੈਬ ਚੱਲ ਰਹੀ ਹੈ ਜਿਸ ਵਿੱਚ 23 ਕੰਪਿਊਟਰ ਹਨ। ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਸ਼੍ਰੀ ਜਸਵਿੰਦਰ ਰੱਲ ਇਸ ਲੈਬ ਦੇ ਇੰਚਾਰਜ਼ ਹਨ। ਇਸਤੋਂ ਇਲਾਵਾ ਕਾਲਜ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਕਾਲਜ ਵਿੱਚ ਅੱਠ ਸੀਸੀਟੀਵੀ ਕੈਮਰੇ ਵੀ ਲਗਵਾਏ ਗਏ ਹਨ।

## ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਮਾਣ-ਸਨਮਾਨ

ਪੂਰੇ ਸੈਸ਼ਨ ਦੌਰਾਨ ਅਕਾਦਮਿਕ, ਸਭਿਆਚਾਰਕ ਮੁਕਾਬਲਿਆਂ, ਯੁਵਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿੱਚ ਜੇਤੂ ਅਤੇ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਨਿਯਮਾਂ ਮੁਤਾਬਕ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਜਾਂਦੇ ਹਨ।

## ਕਾਲਜ ਕੈਂਪਸ ਵਿੱਚ ਅਨੁਸਾਸ਼ਨ ਸਬੰਧੀ ਨਿਯਮ

1. ਵਿਦਿਆਰਥੀ ਨੂੰ ਆਪਣੀ ਫੀਸ ਦੀ ਰਸੀਦ ਸਾਂਭ ਕੇ ਰੱਖਣੀ ਹੋਵੇਗੀ। ਰਸੀਦ ਨਾ ਹੋਣ ਤੇ ਵਿਦਿਆਰਥੀ ਦਾ ਸ਼ਨਾਖਤੀ ਕਾਰਡ (Identity Card) ਨਹੀਂ ਬਣਾਇਆ ਜਾਵੇਗਾ।
2. ਕਾਲਜ ਵਿੱਚ ਆਉਣ ਸਮੇਂ ਆਪਣਾ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਹੋਵੇਗਾ ।
3. ਸ਼ਨਾਖਤੀ ਕਾਰਡ ਗੁੰਮ ਹੋਣ ਤੇ ਐੱਫ ਆਈ ਆਰ ਦਰਜ ਕਰਾਉਣ ਦੇ ਨਾਲ ਲੋੜੀਂਦੀ ਫੀਸ ਵੀ ਭਰਨੀ ਪਵੇਗੀ।
4. ਕਾਲਜ ਕੈਂਪਸ ਅਤੇ ਸੰਪਤੀ ਦੀ ਸਾਂਭ ਸੰਭਾਲ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ।ਕਾਲਜ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਜ਼ੁਰਮਾਨਾ ਵੀ ਲੱਗੇਗਾ।
5. ਕਾਲਜ ਵਿੱਚ ਆਉਣ ਸਮੇਂ ਹਰ ਵਿਦਿਆਰਥੀ ਸਲੀਕੇ ਵਾਲੀ ਡਰੈੱਸ ਪਾ ਕੇ ਆਵੇਗਾ।
6. ਕੋਈ ਵੀ ਵਿਦਿਆਰਥੀ ਕਾਲਜ ਕੈਂਪਸ ਵਿੱਚ ਕਿਸੇ ਹੋਰ ਬਾਹਰਲੇ ਵਿਅਕਤੀ ਨੂੰ ਲੈ ਕੇ ਨਹੀਂ ਆਵੇਗਾ।
7. ਕਾਲਜ ਕੈਂਪਸ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ ਰੈਗਿੰਗ ਸਬੰਧੀ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚੋਂ ਨਿਲੰਬਿਤ ਵੀ ਕੀਤਾ ਜਾ ਸਕਦਾ ਹੈ।
8. ਕਾਲਜ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਦੀ ਸਖਤ ਮਨਾਹੀ ਹੈ।ਅਜਿਹਾ ਕਰਦੇ ਹੋਏ ਪਕੜੇ ਜਾਣ ਤੇ ਵਿਦਿਆਰਥੀ ਨੂੰ ਤੁਰੰਤ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।

# ਕਾਲਜ ਸਰਗਰਮੀਆਂ




ਗੁਰੂ ਨਾਨਕ ਦੇਵ ਯੂਨੀਵਰਸਿਟੀ
ਯੁਵਕ ਮੇਲਾ 2023


Greening Partners
Forest Department




ਪੁਸਤਕ ਪ੍ਰਦਰਸ਼ਨੀ
ਭਾਸ਼ਾ ਵਿਭਾਗ, ਪੰਜਾਬ




ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ
Affiliated to Guru Nanak Dev University, Amritsar


GPS Map Camera
Sahibzada Ajit Singh Nagar, Punjab, India
Unnamed Road, Punjab 140501, India
Lat 30.463245°
Long 76.761993°
30/12/23 01:22 PM GMT +05:30
Google

# ਕਾਲਜ ਸਰਗਰਮੀਆਂ


ਮਾਂ ਬੋਲੀ
ਚੇਤਨਾ ਰੈਲੀ
ਲਿਖ ਪੰਜਾਬੀ
ਬੋਲ ਪੰਜਾਬੀ
ਸੋਹਣੀ ਤੇ
ਅਨਮੋਲ ਪੰਜਾਬੀ


GPS Map Camera
Nawanshahr, Punjab, India
44M6+Q74, Sugar Mill Colony, Nawanshahr, Punjab 144514, India
Lat 31.134444°
Long 76.110661°


FINANCIAL EDUCATION
FOR YOUNG CITIZEN
Mutual Funds


SHAHEEDI DIWAS
23th MARCH 2023
GPS


GPS Map




GPS Map Camera
Shaheed Bhagat Singh Nagar, Punjab, India
Rahon - Jadla Rd, Punjab 144517, India
Lat 31.074337°



# ਕਾਲਜ ਸਰਗਰਮੀਆਂ


ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਸੱਦੇ ਤੇ
ਵਲੋਂ 21 ਫਰਵਰੀ 2023 ਨੂੰ
ਕੌਮਾਂਤਰੀ ਮਾਂ ਬੋਲੀ ਦਿਵਸ'ਤੇ
ਪੰਜਾਬੀ ਮਾਂ ਬੋਲੀ ਲਈ ਲੋਕ ਜਗਾਵਾ








SARDAR DILBAG SINGH GOVT. COLLEGE JADLA
(S.B.S NAGAR)

























S D S GOVT. COLLEGE
JADLA
(SBS NAGAR)

EMPOWERING MINDS

## Admission Help Line

principalgcjadla@gmail.com
01823-299200
96466-27744 | 86991-31191 | 94178-61925